# “ਨਵੀਂ ਅਗਵਾਈ, ਨਵੇਂ ਖਿਆਲ”-ਸਿਲਵੀਆ ਬਿਸ਼ਪ ਅਤੇ ਟੀਮ ਡੈਲਟਾ ਨੇ 2018 ਚੋਣ-ਮੁਹਿੰਮ ਦਾ ਸਲੋਗਨ ਕੀਤਾ ਪੇਸ਼

ਅਗਸਤ 1, 2018 -ਡੈਲਟਾ ਬੀ.ਸੀ.-ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਅਤੇ ਉਸਦੀ ਚਾਰ ਮੈਂਬਰੀ ਟੀਮ ਡੈਲਟਾ ਸਲੇਟ ਨੇ ਅੱਜ 2018 ਚੋਣ-ਮੁਹਿੰਮ ਦਾ ਸਲੋਗਨ ਪੇਸ਼ ਕੀਤਾ-“ਨਵੀਂ ਅਗਵਾਈ, ਨਵੇਂ ਖਿਆਲ”।

ਬਿਸ਼ਪ ਨੇ ਕਿਹਾ, “ਇੰਝ ਲੱਗਦਾ ਹੈ ਕਿ 20 ਅਕਤੂਬਰ ਦੀਆਂ ਸਥਾਨਕ ਚੋਣਾਂ ਤੋਂ ਬਾਦ ਡੈਲਟਾ ਸ਼ਹਿਰ ਦੀ ਕੌਂਸਲ ਵਿੱਚ ਕਈ ਮਹੱਤਵਪੂਰਨ ਨਵੇਂ ਚਿਹਰੇ ਹੋਣਗੇ”।

“ਮੇਅਰ ਦੇ ਦਫ਼ਤਰ ਵਿੱਚ ਇੱਕ ਵੱਡੀ ਤਬਦੀਲੀ ਹੋਵੇਗੀ ਕਿਉਂਕਿ ਲੂਇਸ ਜੈਕਸਨ ਨੇ ਲਗਭਗ 20 ਸਾਲਾਂ ਦੀ ਸੇਵਾ ਤੋਂ ਬਾਦ ਹੁਣ ਆਪਣੀ ਰਿਟਾਇਰਮੈਂਟ ਦਾ ਐਲਾਨ ਕਰ ਦਿੱਤਾ ਹੈ ਅਤੇ 2014 ਵਿੱਚ ਚੁਣੇ ਗਏ 3 ਕੌਂਸਲਰ-ਹੈਦਰ ਕਿੰਗ, ਈਅਨ ਪੈਟਨ ਅਤੇ ਮੈਂ ਕੌਂਸਲ ਦੀਆਂ ਦੁਬਾਰਾ ਚੋਣਾਂ ਵਿੱਚ ਹਿੱਸਾ ਨਹੀਂ ਲਵਾਂਗੇ”।

“ਸੰਭਾਵੀ ਅਨੁਮਾਨਾਂ ਦੇ ਅਨੁਸਾਰ ਪਤਝੜ ਰੁੱਤੇ ਡੈਲਟਾ ਕੌਂਸਲ ਵਿੱਚ ਮਹੱਤਵਪੂਰਨ ਪਰਿਵਰਤਨ ਹੋਣਗੇ। ਟੀਮ ਡੈਲਟਾ ਅਤੇ ਮੇਰਾ ਮੰਨਣਾ ਹੈ ਕਿ ਭਵਿੱਖ ਸੰਬੰਧੀ ਆਪਣੀਆਂ ਯੋਜਨਾਵਾਂ ਦਾ ਖ਼ਾਕਾ ਤਿਆਰ ਕਰਨਾ ਉਚਿਤ ਅਤੇ ਸਹੀ ਹੈ ਅਤੇ ਸਾਡਾ ਸਲੋਗਨ -ਨਵੀਂ ਅਗਵਾਈ , ਨਵੇਂ ਖਿਆਲ ਸਹੀ ਮਾਅਨਿਆਂ ਵਿੱਚ ਸਾਡੀ ਮੁਹਿੰਮ ਦਾ ਕੇਂਦਰ ਬਿੰਦੂ ਬਿਆਨ ਕਰਦਾ ਹੈ”।

ਟੀਮ ਡੈਲਟਾ ਦੇ ਉਮੀਦਵਾਰ ਸਿਟੀ ਕੌਂਸਲ ਦੀਆਂ ਚੋਣਾਂ ਲੜ ਰਹੇ ਹਨ-ਇਸ ਵਿੱਚ ਵੈਟਰਨ ਰਾਬਰਟ ਕੈਂਪਬੈੱਲ ਅਤੇ ਨਵੇਂ ਮੈਂਬਰ ਜੌਨ੍ਹ ਹੈਂਸਨ,ਕਿਮ ਕੈਂਡਲ ਅਤੇ ਸਿਮਰਨ ਵਾਲੀਆ ਸ਼ਾਮਲ ਹਨ।

ਕੈਂਪਬੈੱਲ ਨੇ ਕਿਹਾ ਕਿ “ਲੰਮੇ ਸਮੇਂ ਤੋਂ ਡੈਲਟਾ ਕੌਂਸਲਰ ਹੋਣ ਦੇ ਨਾਤੇ ਮੈਂ ਕਹਿ ਸਕਦਾਂ ਹਾਂ ਕਿ 2018 ਦੀਆਂ ਚੋਣਾਂ ਸਾਡੀ ਸਥਾਨਕ ਸਰਕਾਰ ਲਈ ਕਈ ਤਰੀਕਿਆਂ ਨਾਲ ਇੱਕ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੋਣਗੀਆਂ”।

“ਮੇਅਰ ਜੈਕਸਨ ਅਤੇ ਚੁਣੇ ਗਏ ਕੌਂਸਲਰਾਂ ਸਮੇਤ ਅਸੀਂ ਸਾਰੇ ਇੱਕਠੇ ਕੰਮ ਕਰ ਰਹੇ ਹਾਂ ਅਤੇ ਅਸੀਂ ਪਿਛਲੇ 19 ਸਾਲਾਂ ਵਿੱਚ ਵਧੀਆ ਕੰਮ ਕੀਤੇ ਹਨ ਅਤੇ ਆਪਣੀ ਕਮਿਊਨਟੀ ਦੇ ਭਵਿੱਖ ਦੇ ਵਿਕਾਸ ਲਈ ਇੱਕ ਮਜ਼ਬੂਤ ਨੀਂਹ ਦਾ ਨਿਰਮਾਣ ਕੀਤਾ ਹੈ।ਇਸ ਕਰਕੇ ਮੇਰਾ ਮੰਨਣਾ ਹੈ ਕਿ ਸਿਲਵੀਆ ਬਿਸ਼ਪ ਅਤੇ ਟੀਮ ਡੈਲਟਾ ਦੇ ਉਮੀਦਵਾਰਾਂ ਕੋਲ ਆਪਣੇ ਸ਼ਹਿਰ ਨੂੰ ਹੋਰ ਬਿਹਤਰ ਬਣਾਉਣ ਦੀ ਸੋਚ,ਜ਼ਜ਼ਬਾ ਅਤੇ ਸੰਕਲਪ ਹੈ।

**ਸੰਪਰਕ ਕਰੋ**

Jason Craik, co-campaign manager 604-603-1790

Kiristy Fredericks, co-campaign manager 604-626-1374

teandeltamedia@gmail.com